# ਕੋਵਿਡ-19 ਜਾਂ ਫ਼ਲੂ ਲਈ ਸਾਵਧਾਨੀਆਂ Precautions for COVID-19 or Flu

BCRenal
Provincial Health Services Authority

*ਗੁਰਦਿਆਂ ਦੇ ਮਰੀਜ਼ ਜੋ ਪੈਰੀਟੋਨੀਅਲ ਡਾਇਲੇਸਿਸ (ਪੀ.ਡੀ.) ਜਾਂ ਹੋਮ ਹੀਮੋਡਾਇਲੇਸਿਸ (ਐੱਚ.ਐੱਚ.ਡੀ.) ਕਲੀਨਿਕ ਵਿਚ ਹਿੱਸਾ ਲੈ ਰਹੇ ਹਨ ਉਨ੍ਹਾਂ ਲਈ ਮਹੱਤਵਪੂਰਨ ਜਾਣਕਾਰੀ*

**ਆਖ਼ਰੀ ਅੱਪਡੇਟ: 28 ਸਤੰਬਰ 2023**

ਕੋਵਿਡ-19 ਅਤੇ ਫਲੂ ਦੇ ਇਸ ਮੌਸਮ ਵਿਚ ਹਰ ਇੱਕ ਨੂੰ ਸੁਰੱਖਿਅਤ ਰੱਖਣ ਲਈ ਅਤੇ ਬਿਹਤਰ ਦੇਖਭਾਲ ਕਰਨ ਲਈ ਅਸੀਂ ਉਨ੍ਹਾਂ ਮਰੀਜ਼ਾਂ ਲਈ ਇਹ ਜਾਣਕਾਰੀ ਪੱਤਰ ਉਪਲਬਧ ਕਰਵਾ ਰਹੇ ਹਾਂ ਜੋ ਇਨ੍ਹਾਂ ਕਲੀਨਿਕਾਂ ਵਿਚ ਜਾ ਰਹੇ ਹਨ:

- ਪੈਰੀਟੋਨੀਅਲ ਡਾਇਲੇਸਿਸ (ਪੀ.ਡੀ.) ਕਲੀਨਿਕਸ
- ਹੋਮ ਹੀਮੋਡਾਇਲੇਸਿਸ (ਐੱਚ.ਐੱਚ.ਡੀ.) ਕਲੀਨਿਕਸ

ਅਸੀਂ ਤੁਹਾਨੂੰ ਯਕੀਨ ਦਿਵਾਉਣਾ ਚਾਹੁੰਦੇ ਹਾਂ ਕਿ ਕਿ ਤੁਹਾਡੀ ਦੇਖਭਾਲ ਜਾਰੀ ਰਹੇਗੀ। ਅਸੀਂ ਤੁਹਾਡੀ ਮਦਦ ਅਤੇ ਸਹਾਇਤਾ ਲਈ ਹਾਜ਼ਰ ਹਾਂ। ਕਿਰਪਾ ਕਰ ਕੇ ਇਸ ਪੱਤਰ ਨੂੰ ਧਿਆਨ ਨਾਲ ਪੜ੍ਹੋ। ਕਿਰਪਾ ਕਰ ਕੇ ਇਹ ਸੁਨਿਸ਼ਚਿਤ ਕਰੋ ਕਿ ਜਿਸ ਕਲੀਨਿਕ ਵਿਚ ਜਾਂਦੇ ਹੋ ਉਸ ਕੋਲ ਤੁਹਾਡੀ ਮੌਜੂਦਾ ਸੰਪਰਕ ਜਾਣਕਾਰੀ ਹੈ।

## ਕਲੀਨਿਕ ਵਿਚ ਜਾਣ ਤੋਂ ਪਹਿਲਾਂ ਤੁਹਾਨੂੰ ਕੀ ਕਰਨਾ ਚਾਹੀਦਾ ਹੈ

ਜੇ ਤੁਹਾਨੂੰ ਵਿਅਕਤੀਗਤ ਤੌਰ ਤੇ ਆਉਣ ਲਈ ਕਿਹਾ ਗਿਆ ਹੈ ਤਾਂ ਕਿਰਪਾ ਕਰ ਕੇ ਫ਼ੋਨ ਤੇ ਦੱਸੋ ਜੇ ਇਨ੍ਹਾਂ ਵਿਚੋਂ ਕੋਈ ਲੱਛਣ ਤੁਹਾਡੇ ਵਿਚ ਹੈ (ਕਲੀਨਿਕ ਦਾ ਫ਼ੋਨ ਨੰਬਰ #:      ):

- ਬੁਖ਼ਾਰ
- ਖੰਘ (ਨਵੀਂ ਜਾਂ ਪੁਰਾਣੀ ਖੰਘ ਹੋਰ ਖ਼ਰਾਬ ਹੋਈ)
- ਸਾਹ ਲੈਣ ਵਿਚ ਤਕਲੀਫ਼/ਸਾਹ ਚੜ੍ਹਦਾ ਹੈ

ਜੇ ਤੁਹਾਡੇ ਵਿਚ ਲੱਛਣ ਹਨ ਤਾਂ ਤੁਹਾਨੂੰ:

- ਫ਼ੋਨ ਤੇ ਨਰਸ ਵੱਲੋਂ ਹੋਰ ਸਵਾਲ ਪੁੱਛੇ ਜਾ ਸਕਦੇ ਹਨ ਅਤੇ ਅੱਗੇ ਕੀ ਕਰਨਾ ਹੈ ਲਈ ਨਿਰਦੇਸ਼ ਦਿਤੇ ਜਾਣਗੇ
- ਮੁਲਾਕਾਤ ਮੁਲਤਵੀ ਕਰਨ ਲਈ ਕਿਹਾ ਜਾ ਸਕਦਾ ਹੈ ਜਾਂ ਵਰਚੁਅਲ ਮੁਲਾਕਾਤ ਦਾ ਵਿਕਲਪ ਦਿੱਤਾ ਜਾ ਸਕਦਾ ਹੈ

## ਜਦੋਂ ਤੁਸੀਂ ਕਲੀਨਿਕ ਪਹੁੰਚੋ ਤਾਂ ਕੀ ਕਰਨਾ ਹੈ

ਇਮਾਰਤ ਵਿਚ ਦਾਖਲ ਹੋਣ ਤੋਂ ਪਹਿਲਾਂ ਤੁਹਾਨੂੰ ਮਾਸਕ ਪਹਿਨਣ ਦੀ ਜ਼ਰੂਰਤ ਹੋਵੇਗੀ। ਕਲੀਨਿਕ ਵਿਚ ਦਾਖਲ ਹੋਣ ਤੋਂ ਪਹਿਲਾਂ ਆਪਣੇ ਹੱਥ ਸਾਫ਼ ਕਰੋ। ਮਰੀਜ਼ਾਂ ਦੀ ਇੰਤਜ਼ਾਰ ਕਰਨ ਵਾਲੀ ਜਗ੍ਹਾ ਤੇ ਹੈਂਡ ਸੈਨੇਟਾਈਜ਼ਰ ਉਪਲਬਧ ਹੁੰਦਾ ਹੈ। ਜੇ ਤੁਹਾਡੇ ਵਿਚ ਕੋਵਿਡ-19 ਜਾਂ ਫ਼ਲੂ ਦੇ ਲੱਛਣ ਹਨ ਤਾਂ ਕਲੀਨਿਕ ਸਟਾਫ਼ ਤੁਹਾਨੂੰ ਦੱਸੇਗਾ ਕਿ ਅੱਗੇ ਕੀ ਕਰਨਾ ਹੈ।

## ਕੋਵਿਡ–19 ਬਾਰੇ ਹੋਰ ਜਾਣਕਾਰੀ ਲਈ

ਹੈਲਥਲਿੰਕ ਬੀ.ਸੀ. ਦੀ ਨਰਸ ਨਾਲ ਗਲ ਕਰਨ ਲਈ 811 ਤੇ ਫ਼ੋਨ ਕਰੋ ਜਾਂ ਬੀ.ਸੀ. ਦੇ ਬਿਮਾਰੀਆਂ ਕੰਟਰੋਲ ਕਰਨ ਸੈਂਟਰ ਦੀ ਵੈੱਬਸਾਈਟ ਦੇਖੋ:

- ਇੱਥੇ ਜਾਓ www.bccdc.ca > Health Info > COVID-19
- ਜਾਂ ਸਿੱਧੇ ਹੀ ਇੱਥੇ ਜਾਓ http://www.bccdc.ca/health-info/diseases-conditions/covid-19

ਖ਼ਾਸ ਕਰ ਇਹ ਹੈਡਿੰਗ ਦੇਖੋ "Priority Populations" ਅਤੇ ਫਿਰ ਇਹ ਲਿੰਕ "People with Chronic Conditions."

## ਐਸੀ ਸੰਭਾਵਿਤ ਹਾਲਤ ਜਦੋਂ ਗੁਰਦੇ ਦੀ ਦੇਖਭਾਲ ਉਪਲਬਧ ਨਾ ਹੋਵੇ

ਜੰਗਲ ਦੀ ਅੱਗ, ਹੜ੍ਹ, ਭੁਚਾਲ ਜਾਂ ਕੋਈ ਹੋਰ ਕੁਦਰਤੀ ਆਫ਼ਤ ਵਰਗੀ ਹਾਲਤ ਵਿਚ ਜਦੋਂ ਗੁਰਦੇ ਦੀ ਦੇਖਭਾਲ ਅਸਥਾਈ ਤੌਰ ਤੇ ਉਪਲਬਧ ਨਾ ਹੋਵੇ ਤਾਂ ਐਸੇ ਕਦਮਾਂ ਦੀ ਜਾਣਕਾਰੀ ਹੋਣਾ ਇੱਕ ਚੰਗਾ ਖਿਆਲ ਹੈ ਕਿ ਤੁਸੀਂ ਕੀ ਕਰ ਸਕਦੇ ਹੋ।

ਗੁਰਦਿਆਂ ਦੇ ਮਰੀਜ਼ਾਂ ਲਈ ਬੀ.ਸੀ. ਰੀਨਲ ਦੀ ਵੈੱਬਸਾਈਟ ਤੇ ਸਹਾਇਤਾ ਵਾਲੀ ਕਾਫੀ ਜਾਣਕਾਰੀ ਹੈ ਜਿਸ ਵਿਚ ਐਮਰਜੈਂਸੀ ਖਾਣੇ ਦਾ ਪਲੈਨ ਅਤੇ ਦਵਾਈਆਂ ਸਬੰਧੀ ਜਾਣਾਰੀ ਹੈ:

- ਇੱਥੇ ਜਾਓ www.bcrenal.ca > Health Info > Kidney Care > Emergency Preparedness
- ਜਾਂ ਸਿੱਧੇ ਹੀ ਇੱਥੇ ਜਾਓ http://www.bcrenal.ca/health-info/kidney-care/emergency-preparedness